IJCRT.ORG ISSN : 2320-2882

INTERNATIONAL JOURNAL OF CREATIVE RESEARCH THOUGHTS (IJCRT)
An International Open Access, Peer-reviewed, Refereed Journal

# ਪੰਜਾਬ ਦੇ ਉੱਤਰ ਪੂਰਬੀ ਖਿੱਤੇ ਦਾ ਭੂਗੋਲ ਅਤੇ ਵਾਤਾਵਰਨ

ਨਵੀਨ ਕੁਮਾਰ,

ਖੋਜਾਰਥੀ, ਪੰਜਾਬੀ ਵਿਭਾਗ,

ਪੰਜਾਬੀ ਯੂਨੀਵਰਸਿਟੀ,

ਪਟਿਆਲਾ।

## ਐਬਸਟਰੈਕਟਸ

ਹਰ ਖਿੱਤੇ ਦੇ ਭੂਗੋਲ ਅਤੇ ਵਾਤਾਵਰਨ ਨੂੰ ਉਸ ਦੇ ਮੂਲ-ਆਧਾਰਾਂ ਤੋਂ ਵੇਖਣਾ ਅਤੇ ਪਰਖਣਾ ਜ਼ਰੂਰੀ ਹੈ, ਜਿਨ੍ਹਾਂ ਕਾਰਨਾਂ ਕਰਕੇ ਉਹ ਵੱਖਰੀ ਹੋਂਦ ਰੱਖਦਾ ਹੈ। ਕਿਸੇ ਵੀ ਖਿੱਤੇ ਦੇ ਉਭਰਵੇਂ ਵੱਖਰੇਵਿਆਂ ਨੂੰ ਪੇਸ਼ ਕਰਨ ਲਈ ਭੂਗੋਲ ਅਹਿਮ ਯੋਗਦਾਨ ਪਾਉਂਦਾ ਹੈ। ਪੰਜਾਬ ਦੇ ਉੱਤਰ ਪੂਰਬੀ ਖਿੱਤੇ ਦੀ ਵਿਸ਼ੇਸ਼ ਭੂਗੋਲਿਕ ਸਥਿਤੀ, ਨਿਵੇਕਲੇ ਜਲਵਾਯੂ ਅਤੇ ਇਤਿਹਾਸਕ ਉਤਰਾਵਾਂ-ਚੜ੍ਹਾਵਾਂ ਨੇ ਜੀਵਨ-ਜਾਂਚ ਦੇ ਕਈ ਅਜਿਹੇ ਦਿਲਚਸਪ ਅਤੇ ਸ਼ਕਤੀਸ਼ਾਲੀ ਪੱਖ ਉਸਾਰੇ ਹਨ, ਜੋ ਇਸ ਖਿੱਤੇ ਦੇ ਪਛਾਣ-ਚਿੰਨ੍ਹ ਬਣ ਗਏ ਹਨ ਜੋ ਇਸ ਖਿੱਤੇ ਦੀ ਵੱਖਰੀ ਤਾਸੀਰ, ਚਰਿੱਤਰ, ਮਨੋਰਥਾਂ ਅਤੇ ਆਦਰਸ਼ਾਂ ਵਿਚ ਉਜਾਗਰ ਹੋਏ ਹਨ। ਉਪਜਾਊ ਭੂਮੀ ਕਾਰਨ ਭੁੱਖੇ ਮਰਨਾਂ ਪੁਆਧੀਆਂ ਦੇ ਹਿੱਸੇ ਨਹੀਂ ਆਇਆ ਪਰ ਨਾਲ ਹੀ ਕਰੜੀ ਮਿਹਨਤ ਕਰਕੇ ਇਸ ਉੱਤੇ ਹੱਕ ਜਤਾਉਣ ਦੀ ਪ੍ਰਚੰਡ ਪ੍ਰਵਿਰਤੀ ਪੁਆਧੀਆਂ ਦਾ ਖ਼ਾਸਾ ਰਿਹਾ ਹੈ। ਕਿਰਤ ਕਰਨ ਨੂੰ ਮਾਣ ਸਮਝਣਾ ਅਤੇ ਕਿਰਤ ਕਮਾਈ ਉੱਤੇ ਹੱਕ ਜਤਾਉਣਾ ਇਨ੍ਹਾਂ ਦੀ ਖ਼ੂਬੀ ਰਹੀ ਹੈ। ਲਗਾਤਾਰ ਜੰਗਾਂ-ਯੁੱਧਾਂ ਦਾ ਅਖਾੜਾ ਬਣੇ ਰਹਿਣ ਕਾਰਨ ਪੁਆਧੀ ਉੱਜੜਦੇ ਰਹਿਣ ਅਤੇ ਫੇਰ ਵੱਸਣ ਦੀ ਅਨੋਖੀ ਜੀਵਨ-ਤਾਂਘ ਨਾਲ ਓਤਪੋਤ ਹਨ। ਪੰਜਾਬ ਦੇ ਉੱਤਰ ਪੂਰਬੀ ਖਿੱਤੇ ਦੀ ਜ਼ਰਖੇਜ਼ ਭੂਮੀ, ਜੀਵਨ-ਅਨੁਕੂਲ ਸਹਿੰਦਾ ਠੰਡਾ-ਗਰਮ, ਤਰ ਜਲਵਾਯੂ ਅਤੇ ਹਿਮਾਲਾ ਪਰਬਤ ਦੀ ਸ਼ਿਵਾਲਿਕ ਦੀਆਂ ਪਹਾੜੀਆਂ ਤੋਂ ਵਹਿੰਦੇ ਦਰਿਆਵਾਂ, ਨਾਲੇ ਅਤੇ ਚੋਆਂ ਦੀ ਕੁਦਰਤੀ ਨਿਆਮਤ ਨੇ ਇਸ ਹੁਸੀਨ ਜ਼ਮੀਨ ਨੂੰ ਪ੍ਰਾਚੀਨ ਜ਼ਮਾਨੇ ਤੋਂ ਹੀ ਮਨੁੱਖੀ ਵੱਸੋਂ ਲਈ ਬਹੁਤ ਅਨੁਕੂਲ ਬਣਾਈ ਰਖਿਆ ਹੋਇਆ ਹੈ। ਮਨੁੱਖੀ-ਜੀਵਨ ਦੀਆਂ ਮੂਲ ਲੋੜਾਂ ਅਤੇ ਜ਼ਰੂਰਤਾਂ ਸਹਿਜੇ ਹੀ ਪ੍ਰਾਪਤ ਹੋ ਜਾਣ ਕਾਰਨ ਇੱਥੇ ਮਨੁੱਖ ਹਜ਼ਾਰਾਂ ਸਾਲਾਂ ਤੋਂ ਵਸਦਾ ਆ ਰਿਹਾ ਹੈ। ਲਗਾਤਾਰ ਉਥਲ-ਪੁਥਲ ਅਤੇ ਤਬਾਹੀ ਦੇ ਬਾਵਜੂਦ ਇਹ ਖਿੱਤਾ ਅਬਾਦ ਰਿਹਾ ਹੈ।

**ਕੁੰਜੀਵਤ ਸ਼ਬਦ :** ਭੂਗੋਲਿਕ ਸਥਿਤੀ, ਵਾਤਾਵਰਨ, ਸਭਿਆਚਾਰ, ਪੰਜਾਬ ਦਾ ਉੱਤਰ ਪੂਰਬੀ ਖਿੱਤਾ, ਜਲਗਾਹ

## ਭੂਗੋਲ

ਭੂਗੋਲ ਤੋਂ ਭਾਵ ਕਿਸੇ ਸਭਿਆਚਾਰਕ ਖਿੱਤੇ ਵਿਸ਼ੇਸ਼ ਦੀ ਇਲਾਕਾਈ ਸਥਿਤੀ ਅਤੇ ਉਸ ਖਿੱਤੇ ਜਾਂ ਖੇਤਰ ਵਿਚ ਧਰਤੀ ਦੇ ਉੱਪਰ ਅਤੇ ਹੇਠਾਂ ਮਿਲਦੀਆਂ ਪ੍ਰਕਿਰਤਕ ਹਾਲਤਾਂ ਤੋਂ ਹੈ ਭਾਵ ਭੂਗੋਲ ਤੋਂ ਭਾਵ ਉਹ ਪ੍ਰਕਿਰਤਕ ਹਾਲਤਾਂ ਹੁੰਦੀਆਂ ਹਨ ਜਿਹੜੀਆਂ ਸਭਿਆਚਾਰ ਖਿੱਤੇ ਵਿਸ਼ੇਸ਼ ਵਿਚ ਮਿਲਦੀਆਂ ਹਨ। ਇਨ੍ਹਾਂ ਵਿਚ ਜ਼ਮੀਨ ਦੀ ਬਣਤਰ, ਜ਼ਮੀਨ ਦਾ ਉਪਜਾਊ ਹੋਣਾ ਜਾਂ ਨਾ ਹੋਣਾ, ਪਾਣੀ ਦੇ ਸਰੋਤਿਆਂ ਦੀ ਹੋਂਦ ਅਤੇ ਅਣਹੋਂਦ, ਤਾਪਮਾਨ ਦੀ ਸਥਿਤੀ, ਮੀਹਾਂ ਦੀ ਬਹੁਤਾਤ, ਪਹਾੜਾਂ, ਜੰਗਲਾਂ, ਰੇਗਿਸਤਾਨਾਂ ਹੋਂਦ ਜਾਂ ਅਣਹੋਂਦ, ਖਣਿਜ ਪਦਾਰਥਾਂ ਦੀ ਸਥਿਤੀ ਆਦਿ ਸ਼ਾਮਿਲ ਹਨ। ਪੰਜਾਬ ਵਿਸ਼ਵ ਸਭਿਆਤਾਵਾਂ ਦੀ ਸੁਮੇਲਤਾ ਵਾਲਾ ਦੇਸ਼ ਮੰਨਿਆ ਜਾਂਦਾ ਹੈ। ਪੰਜਾਬ ਸ਼ਬਦ ਦੋ ਸਭਿਆਤਾਵਾਂ ਦੇ ਸੁਮੇਲ ਤੋਂ ਬਣਿਆ ਹੈ। 'ਪੰਜ' ਪੰਜਾਬੀ ਸਭਿਅਤਾ ਦਾ ਪ੍ਰਤੀਕ ਹੈ ਅਤੇ 'ਆਬ' ਈਰਾਨੀ (ਫਰਾਸ ਦੀ ਖਾੜੀ) ਸਭਿਅਤਾ ਦਾ ਪ੍ਰਤੀਕ ਮੰਨਿਆ ਗਿਆ ਹੈ। ਇਸ ਦੀ ਸਾਰੀ ਭੂਗੋਲਿਕਤਾ ਇਸ ਦੇ ਦਰਿਆਵਾਂ ਉੱਪਰ ਨਿਰਭਰ ਹੈ। ਇਹ ਪੰਜ ਕੁਦਰਤੀ ਦਰਿਆ ਸਤਲੁਜ, ਬਿਆਸ, ਰਾਵੀ, ਚਨਾਬ ਅਤੇ ਜਿਹਲਮ ਪੰਜਾਬੀ ਪਰੰਪਰਾ ਵਿਚ ਪੰਜ ਦੀ ਗਿਣਤੀ ਨੂੰ ਬਹੁਤ ਹੀ ਪਵਿੱਤਰ ਦਰਜਾ ਦਿੰਦੇ ਹਨ। ਪੰਜਾਬ ਉੱਤਰ-ਪੱਛਮੀ ਭਾਰਤ ਦਾ ਇਕ ਰਾਜ ਹੈ। ਭਾਰਤੀ ਪੰਜਾਬ ਨੂੰ ਚੜ੍ਹਦਾ ਪੰਜਾਬ ਜਾਂ ਪੂਰਬੀ ਪੰਜਾਬ ਕਿਹਾ ਜਾਂਦਾ ਹੈ ਅਤੇ ਪਾਕਿਸਤਾਨੀ ਪੰਜਾਬ ਨੂੰ ਲਹਿੰਦਾ ਪੰਜਾਬ ਜਾਂ ਪੱਛਮੀ ਪੰਜਾਬ ਕਿਹਾ ਜਾਂਦਾ ਹੈ। ਭਾਰਤੀ ਪੰਜਾਬ ਦੀ ਸਰਹੱਦ ਉੱਤਰ ਵਿਚ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ ਅਤੇ ਕਸ਼ਮੀਰ, ਉੱਤਰ-ਪੂਰਬ ਵਿਚ ਹਿਮਾਚਲ ਪ੍ਰਦੇਸ਼, ਦੱਖਣ-ਪੂਰਬ ਵਿਚ ਹਰਿਆਣਾ ਪ੍ਰਦੇਸ਼, ਦੱਖਣ-ਪੱਛਮ ਵਿਚ ਰਾਜਸਥਾਨ ਪ੍ਰਦੇਸ਼ ਅਤੇ ਪੱਛਮ ਵਿਚ ਪਾਕਿਸਤਾਨ ਨਾਲ ਲੱਗਦੀ ਹੈ। ਪੰਜਾਬ ਆਪਣੀ ਭੂਗੋਲਿਕ, ਸਮਾਜਿਕ, ਧਾਰਮਿਕ ਅਤੇ ਰਾਜਨਿਤਿਕ ਸਥਿਤੀ ਕਾਰਨ ਵੱਖਰੀ ਅਹਿਮੀਅਤ ਰੱਖਦਾ ਹੈ। ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਅਨੁਸਾਰ ਪੰਜ ਜਲਧਾਰਾ ਜਿਸ ਦੇਸ਼ ਵਿੱਚ ਵਹਿਦੀਆਂ ਹਨ- ਵਿਤਸ੍ਰਾ (ਜੇਹਲਮ), ਚੰਦ੍ਰਭਾਗਾ (ਚਨਾਬ), ਐਰਾਵਤੀ (ਰਾਵੀ), ਵਿਪਾਸ਼ (ਬਿਆਸ), ਸ਼ਤਦ੍ਰਵ (ਸਤਲੁਜ)[1] ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਪੁਰਾਤਨ ਸਮੇਂ ਵਿਚ ਪੰਜਾਬ ਵਿਚ ਜਿਹਲਮ ਨੂੰ ਵਿਤਸ੍ਰਾ, ਚਨਾਬ ਨੂੰ ਚੰਦ੍ਰਭਾਗਾ, ਰਾਵੀ ਨੂੰ ਐਰਾਵਤੀ, ਬਿਆਸ ਨੂੰ ਵਿਪਾਸ਼, ਸਤਲੁਜ ਨੂੰ ਸ਼ਤਦ੍ਰਵ ਨਾਵਾਂ ਨਾਲ ਪੁਕਾਰਿਆ ਜਾਂਦਾ ਸੀ। ਡਾ. ਮਹਿੰਦਰ ਸਿੰਘ ਰੰਧਾਵਾ ਦੇ ਅਨੁਸਾਰ ਪ੍ਰਾਚੀਨ ਸਮਿਆਂ ਤੋਂ ਪੰਜਾਬ ਦੀਆਂ ਭੂਗੋਲਿਕ ਹੱਦਾਂ ਦੋ ਇਤਿਹਾਸ-ਪ੍ਰਸਿੱਧ ਦਰਿਆਵਾਂ ਨਾਲ ਬਣੀਆਂ ਚਲੀਆਂ ਆ ਰਹੀਆਂ ਹਨ : ਲਹਿੰਦੇ ਵੱਲ ਸਿੰਧ ਦਰਿਆ ਅਤੇ ਚੜ੍ਹਦੇ ਵੱਲ ਜਮਨਾ। ਇਨ੍ਹਾਂ ਦੋਹਾਂ ਦੇ ਵਿਚਕਾਰ ਪੰਜ ਦਰਿਆ ਹੋਰ ਹਨ : ਜਿਹਲਮ, ਝਨਾਂ, ਰਾਵੀ, ਬਿਆਸ ਅਤੇ ਸਤਲੁਜ। ਇਸ ਤਰ੍ਹਾਂ ਸੱਤਾਂ ਦਰਿਆਵਾਂ ਦੀ ਇਹ ਭੂਮੀ ਸਪਤ-ਸਿੰਧੂ ਕਹਾਉਂਦੀ ਹੈ।[2] ਡਾ. ਮਹਿੰਦਰ ਸਿੰਘ ਰੰਧਾਵਾ ਦੇ ਵਿਚਾਰ ਵਿਮਰਸ਼ ਅਨੁਸਾਰ ਪੁਰਾਤਨ ਸਮੇਂ ਵਿਚ ਪੰਜਾਬ ਦੀਆਂ ਭੂਗੋਲਿਕ ਹੱਦਾਂ ਦੋ ਪ੍ਰਸਿੱਧ ਦਰਿਆਵਾਂ ਨਾਲ ਸਨ। ਪੱਛਮ ਵੱਲ ਸਿੰਧ ਦਰਿਆ ਅਤੇ ਪੂਰਬ ਵੱਲ ਜਮਨਾ ਦਰਿਆ ਸਨ। ਇਨ੍ਹਾਂ ਦੋਹਾਂ ਦੇ ਵਿਚਕਾਰ ਪੰਜ ਦਰਿਆ ਜਿਹਲਮ, ਚਨਾਬ, ਰਾਵੀ, ਬਿਆਸ ਅਤੇ

ਸਤਲੁਜ ਵਗਦੇ ਸਨ। ਇਸ ਤਰ੍ਹਾਂ ਇਨ੍ਹਾਂ ਸੱਤ ਦਰਿਆਵਾਂ ਦੀ ਧਰਤੀ ਨੂੰ ਸਪਤ-ਸਿੰਧੂ ਕਿਹਾ ਜਾਂਦਾ ਸੀ। ਇਸ ਤਰ੍ਹਾਂ ਚੜ੍ਹਦੇ ਵੱਲ ਸਤਲੁਜ ਅਤੇ ਬਿਆਸ ਰਲਕੇ ਅਤੇ ਉੱਤਰ-ਪੱਛਮ ਵੱਲੋਂ ਜਿਹਲਮ, ਚਨਾਬ ਅਤੇ ਰਾਵੀ ਇਕ ਹੋ ਜਾਂਦੇ ਹਨ ਅਤੇ ਇਨ੍ਹਾਂ ਦਾ ਨਾਮ ਪੰਜ-ਨਦ ਪੈ ਜਾਂਦਾ ਹੈ ਜੋ ਮੁਸਲਮਾਨਾਂ ਦੇ ਆਉਣ ਤੋਂ ਬਾਅਦ ਬਦਲ ਕੇ ਪੰਜ-ਆਬ, ਪੰਜ ਦਰਿਆਵਾਂ ਦਾ ਦੇਸ਼ ਪੰਜਾਬ ਬਣ ਗਿਆ। ਪੰਜਾਬ ਪੰਜ ਕੁਦਰਤੀ ਦੁਆਬਿਆਂ ਵਿਚ ਵੰਡਿਆ ਹੋਇਆ ਹੈ। ਦੁਆਬੇ ਦੇ ਅੱਖਰੀ ਅਰਥ ਬਣਦੇ ਹਨ ਦੋ ਦਰਿਆਵਾਂ ਦੇ ਵਿਚਕਾਰ ਦਾ ਇਲਾਕਾ। ਹਰ ਖਿੱਤੇ ਦੇ ਭੂਗੋਲ ਨੂੰ ਉਸ ਦੇ ਮੂਲ-ਆਧਾਰਾਂ ਤੋਂ ਵੇਖਣਾ ਅਤੇ ਪਰਖਣਾ ਜ਼ਰੂਰੀ ਹੈ, ਜਿਨ੍ਹਾਂ ਕਾਰਨਾਂ ਕਰਕੇ ਉਹ ਵੱਖਰੀ ਹੋਂਦ ਰੱਖਦਾ ਹੈ। ਕਿਸੇ ਵੀ ਖਿੱਤੇ ਦੇ ਉਭਰਵੇਂ ਵੱਖਰੇਵਿਆਂ ਨੂੰ ਪੇਸ਼ ਕਰਨ ਲਈ ਭੂਗੋਲ ਅਹਿਮ ਯੋਗਦਾਨ ਪਾਉਂਦਾ ਹੈ। ਪੰਜਾਬ ਦੇ ਉੱਤਰ ਪੂਰਬੀ ਖਿੱਤੇ ਦੀ ਵਿਸ਼ੇਸ਼ ਭੂਗੋਲਿਕ ਸਥਿਤੀ, ਨਿਵੇਕਲੇ ਜਲਵਾਯੂ ਅਤੇ ਇਤਿਹਾਸਕ ਉਤਰਾਵਾਂ-ਚੜ੍ਹਾਵਾਂ ਨੇ ਜੀਵਨ-ਜਾਂਚ ਦੇ ਕਈ ਅਜਿਹੇ ਦਿਲਚਸਪ ਅਤੇ ਸ਼ਕਤੀਸ਼ਾਲੀ ਪੱਖ ਉਸਾਰੇ ਹਨ, ਜੋ ਇਸ ਖਿੱਤੇ ਦੇ ਪਛਾਣ-ਚਿੰਨ੍ਹ ਬਣ ਗਏ ਹਨ ਜੋ ਇਸ ਖਿੱਤੇ ਦੀ ਵੱਖਰੀ ਤਾਸੀਰ, ਚਰਿੱਤਰ, ਮਨੋਰਥਾਂ ਅਤੇ ਆਦਰਸ਼ਾਂ ਵਿਚ ਉਜਾਗਰ ਹੋਏ ਹਨ। ਉਪਜਾਊ ਭੂਮੀ ਕਾਰਨ ਭੁੱਖੇ ਮਰਨਾਂ ਪੁਆਧੀਆਂ ਦੇ ਹਿੱਸੇ ਨਹੀਂ ਆਇਆ ਪਰ ਨਾਲ ਹੀ ਕਰੜੀ ਮਿਹਨਤ ਕਰਕੇ ਇਸ ਉੱਤੇ ਹੱਕ ਜਤਾਉਣ ਦੀ ਪ੍ਰਚੰਡ ਪ੍ਰਵਿਰਤੀ ਪੁਆਧੀਆਂ ਦਾ ਖ਼ਾਸਾ ਰਿਹਾ ਹੈ। ਕਿਰਤ ਕਰਨ ਨੂੰ ਮਾਣ ਸਮਝਣਾ ਅਤੇ ਕਿਰਤ ਕਮਾਈ ਉੱਤੇ ਹੱਕ ਜਤਾਉਣਾ ਇਨ੍ਹਾਂ ਦੀ ਖ਼ੂਬੀ ਰਹੀ ਹੈ। ਲਗਾਤਾਰ ਜੰਗਾਂ-ਯੁੱਧਾਂ ਦਾ ਅਖਾੜਾ ਬਣੇ ਰਹਿਣ ਕਾਰਨ ਪੁਆਧੀ ਉੱਜੜਦੇ ਰਹਿਣ ਅਤੇ ਫੇਰ ਵੱਸਣ ਦੀ ਅਨੋਖੀ ਜੀਵਨ-ਤਾਂਘ ਨਾਲ ਓਤਪੋਤ ਹਨ। ਭੂਗੋਲਿਕ ਦ੍ਰਿਸ਼ਟੀ ਤੋਂ ਪੰਜਾਬ ਦੇ ਉੱਤਰ ਪੂਰਬੀ ਖਿੱਤੇ ਦੇ ਪੂਰਬ ਵਿਚ ਹਿਮਾਚਲ ਪ੍ਰਦੇਸ਼, ਦੱਖਣ ਵੱਲ ਹਰਿਆਣਾ ਪ੍ਰਦੇਸ਼, ਪੱਛਮ ਵੱਲ ਪੰਜਾਬ ਦਾ ਮਾਲਵਾ ਖਿੱਤਾ ਅਤੇ ਉੱਤਰ ਵੱਲ ਪੰਜਾਬ ਦਾ ਦੁਆਬਾ ਖਿੱਤਾ ਆਉਂਦਾ ਹੈ। ਪੰਜਾਬ ਦੇ ਉੱਤਰ ਪੂਰਬੀ ਖਿੱਤੇ ਦੀ ਮੂਲ ਪਛਾਣ ਉਸ ਦੀ ਭੂਗੋਲਿਕ ਸਥਿਤੀ, ਜਮੀਨ ਦੀ ਕਿਸਮ, ਲੋੜੀਂਦੇ ਕਿਰਤ-ਅਮਲ, ਲੋੜਾਂ, ਪ੍ਰਾਪਤ ਸੁਵਿਧਾਵਾਂ, ਨਿਹਮਤਾਂ ਅਤੇ ਵੰਗਾਰਾਂ ਆਦਿ ਜੁੜੀਆਂ ਹੋਈਆਂ ਹਨ। ਇੱਥੋਂ ਦੀ ਭੂਗੋਲਿਕ ਸਥਿਤੀ ਪਰਬਤੀ ਮਾਲਾ ਦੇ ਸਮਵਿੱਥ ਜਰਖੇਜ਼ ਅਤੇ ਉਪਜਾਊ ਮੈਦਾਨੀ ਇਲਾਕੇ ਦੇ ਦਰਿਆਈ ਪਾਣੀਆਂ ਨਾਲ ਸੰਚਿਤ ਹੈ। ਪੰਜਾਬ ਦਾ ਉੱਤਰ ਪੂਰਬੀ ਖਿੱਤਾ ਮੌਜੂਦਾ ਪੰਜਾਬ ਦੇ ਪਹਾੜਾਂ ਦੇ ਪੈਰਾਂ ਹੇਠ ਅਤੇ ਚੜ੍ਹਦੇ ਵਾਲੇ ਪਾਸੇ ਸਥਿਤ ਹੈ ਭਾਵ ਉੱਤਰ ਵੱਲ ਹਿਮਾਲਿਆਂ ਦੀ ਸ਼ਿਵਾਲਿਕ ਦੀਆਂ ਪਹਾੜੀਆਂ ਅਤੇ ਪੂਰਬ ਵੱਲ ਸੂਰਜ ਚੜ੍ਹਨ ਦੀ ਦਿਸ਼ਾ ਹੈ। ਪੰਜਾਬ ਦਾ ਉੱਤਰ ਪੂਰਬੀ ਖਿੱਤਾ ਵੱਡ ਪਸਾਰੀ ਹੈ। ਚੰਡੀਗੜ੍ਹ ਭਾਰਤ ਦਾ ਕੇਂਦਰੀ ਸ਼ਾਸਿਤ ਪ੍ਰਦੇਸ ਹੈ। ਇਸ ਦਾ ਮੁੱਢ 1953 ਈ. ਵਿਚ ਰੱਖਿਆ ਗਿਆ ਸੀ। ਇਸ ਕੇਂਦਰ ਸ਼ਾਸਿਤ ਪ੍ਰਦੇਸ਼ ਨੂੰ ਪ੍ਰਸਿੱਧ ਫਰਾਂਸੀਸੀ ਇਮਾਰਤਸਾਜ ਲ ਕਾਰਬੂਜ਼ੀਏ ਦੇ ਬਣਾਏ ਨਕਸ਼ੇ ਅਨੁਸਾਰ ਬਣਾਇਆ ਗਿਆ ਹੈ। ਚੰਡੀਗੜ੍ਹ ਸ਼ਹਿਰ ਦਾ ਨਾਂ ਪ੍ਰਾਚੀਨ ਚੰਡੀ ਮੰਦਰ ਦੇ ਨਾਂ ਤੋਂ ਰੱਖਿਆ ਗਿਆ ਹੈ। ਇਹ ਲੰਬਕਾਰ $76^0$ 47′ 14 ਪੂਰਬ ਵੱਲ ਵਿਥਕਾਰ $30^0$ 44′ 14 ਉੱਤਰ ਵੱਲ ਸਥਿਤ ਹੈ। ਮੌਜੂਦਾ ਸਮੇਂ ਇਹ ਪੰਜਾਬ ਦੀ ਰਾਜਧਾਨੀ ਹੈ। ਚੰਡੀਗੜ੍ਹ ਦੀ ਆਬੋ-ਹਵਾ ਸਿੱਲ੍ਹੀ ਅਤੇ ਉਪ-ਤਪਤ-ਖੰਡੀ ਕਿਸਮ ਦੀ ਹੈ। ਸ਼ਹਿਰ ਦੇ ਆਲੇ-ਦੁਆਲੇ ਕਾਫ਼ੀ ਜੰਗਲੀ ਇਲਾਕਾ ਹੈ। ਸੁਖ਼ਨਾ ਝੀਲ ਵਿਚ ਵੱਖ-ਵੱਖ ਤਰ੍ਹਾਂ ਦੀਆਂ ਬੱਤਖ਼ਾਂ, ਹੰਸ ਅਤੇ ਪਰਵਾਸੀ ਪੰਛੀ ਜੋ ਕਿ ਜਾਪਾਨ ਅਤੇ ਸਾਈਬੇਰੀਆ ਇਲਾਕਿਆਂ ਤੋਂ ਉੱਡਕੇ ਠੰਢ ਵਿਚ ਇੱਥੇ ਆਉਂਦੇ ਹਨ ਅਤੇ ਝੀਲ ਦੀ ਖ਼ੂਬਸੂਰਤੀ ਨੂੰ ਵਧਾਉਂਦੇ ਹਨ। ਚੰਡੀਗੜ੍ਹ ਵਿਚ ਬਹੁਤ ਸਾਰੇ ਵਿਦਿਅਕ ਅਦਾਰੇ ਹਨ ਜਿਨ੍ਹਾਂ ਵਿਚੋਂ

ਪੰਜਾਬ ਯੂਨੀਵਰਸਿਟੀ ਅਹਿਮ ਹੈ। ਚੰਡੀਗੜ੍ਹ ਪ੍ਰਸ਼ਾਸਨ ਅਧੀਨ 25 ਪਿੰਡ ਆਉਂਦੇ ਹਨ ਰੂਪਨਗਰ ਸ਼ਹਿਰ ਦੀ ਨੀਂਹ 11ਵੀਂ. ਸਦੀਂ ਵਿਚ ਰਾਜਾ ਰੋਕੇਸ਼ਵਰ ਨੇ ਆਪਣੇ ਪੁੱਤਰ ਰੂਪ ਸੈਨ ਦੇ ਨਾਂ ਤੋਂ ਰੱਖੀ ਸੀ, ਜਿਸ ਤੋਂ ਰੋਪੜ ਨੂੰ ਰੂਪਨਗਰ ਵੀ ਕਿਹਾ ਜਾਣ ਲੱਗ ਪਿਆ। ਜ਼ਿਲ੍ਹਾ ਰੂਪਨਗਰ ਦੀ ਸਥਾਪਨਾ 1966 ਈ. ਵਿਚ ਰੱਖੀ ਗਈ। ਜ਼ਿਲ੍ਹਾ ਰੂਪਨਗਰ ਉੱਤਰ ਅਕਸ਼ਾਂਸ਼ 30 ਡਿਗਰੀ-32 ਅਤੇ 31 ਡਿਗਰੀ- 24 ਵਿਚਕਾਰ ਅਤੇ ਰੇਖਾਂਸ਼ 76 ਡਿਗਰੀ-18 ਅਤੇ 76 ਡਿਗਰੀ- 55 ਵਿਚ ਹੈ। ਇਸ ਦੀ ਹੱਦ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ), ਸਾਹਿਬਜ਼ਾਦਾ ਅਜੀਤ ਸਿੰਘ ਨਗਰ ਅਤੇ ਸ੍ਰੀ ਫ਼ਤਹਿਗੜ੍ਹ ਸਾਹਿਬ ਆਦਿ ਜ਼ਿਲ੍ਹਿਆਂ ਨਾਲ ਲੱਗਦੀ ਹੈ। ਦਰਿਆ ਸਤਲੁਜ ਦੇ ਕੰਢੇ ਸਥਿਤ ਜ਼ਿਲ੍ਹਾ ਰੂਪਨਗਰ ਅੰਤਰਗਤ ਤਹਿਸੀਲ ਰੂਪਨਗਰ, ਸ੍ਰੀ ਆਨੰਦਪੁਰ ਸਾਹਿਬ, ਸ੍ਰੀ ਚਮਕੌਰ ਸਾਹਿਬ, ਨੰਗਲ, ਮੋਰਿੰਡਾ ਅਤੇ 606 ਪਿੰਡ ਆਉਂਦੇ ਹਨ। ਸ੍ਰੀ ਫ਼ਤਹਿਗੜ੍ਹ ਸਾਹਿਬ ਨੂੰ ਸ਼ਹੀਦਾਂ ਦੀ ਧਰਤੀ ਹੋਣ ਦਾ ਮਾਣ ਪ੍ਰਾਪਤ ਹੈ। ਸ੍ਰੀ ਫ਼ਤਹਿਗੜ੍ਹ ਸਾਹਿਬ ਨੂੰ 13 ਅਪਰੈਲ 1992 ਈ. ਨੂੰ ਜ਼ਿਲ੍ਹੇ ਦਾ ਦਰਜਾ ਦਿੱਤਾ ਗਿਆ ਸੀ। ਸ੍ਰੀ ਫ਼ਤਹਿਗੜ੍ਹ ਸਾਹਿਬ ਸ਼ਹਿਰ ਦਾ ਨਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਪੁੱਤਰ ਸਾਹਿਬਜ਼ਾਦਾ ਫ਼ਤਹਿ ਸਿੰਘ ਦੇ ਨਾਂ 'ਤੇ ਰੱਖਿਆ ਗਿਆ ਸੀ। ਇਸ ਦੀਆਂ ਹੱਦਾਂ ਉੱਤਰ-ਪੂਰਬ ਵੱਲ ਰੂਪਨਗਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੇ ਲੁਧਿਆਣਾ, ਦੱਖਣ-ਪੂਰਬ ਵੱਲ ਪਟਿਆਲਾ ਤੇ ਰੂਪਨਗਰ ਅਤੇ ਪੱਛਮ ਵੱਲ ਮਾਲੇਰਕੋਟਲੇ ਨਾਲ ਲੱਗਦੀਆ ਹਨ। ਇਸ ਦੇ ਅੰਤਰਗਤ ਤਹਿਸੀਲ ਸ੍ਰੀ ਫ਼ਤਹਿਗੜ੍ਹ ਸਾਹਿਬ, ਅਮਲੋਹ, ਪਠਾਣਾ ਬੱਸੀ, ਖਮਾਣੋਂ, ਸਬ-ਤਹਿਸੀਲ ਮੰਡੀ ਗੋਬਿੰਦਗੜ੍ਹ ਤੇ ਚਨਾਰਥਲ ਕਲਾਂ ਅਤੇ 454 ਪਿੰਡ ਆਉਂਦੇ ਹਨ। ਜ਼ਿਲ੍ਹਾ ਮੋਹਾਲੀ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜਾਂ ਅਜੀਤਗੜ੍ਹ ਵਜੋਂ ਜਾਣਿਆ ਜਾਂਦਾ ਹੈ। ਇਸ ਨੂੰ ਅਧਿਕਾਰਤ ਤੌਰ 'ਤੇ 2006 ਈ. ਵਿਚ ਗੁਰੂ ਗੋਬਿੰਦ ਸਿੰਘ ਦੇ ਵੱਡੇ ਸਪੁੱਤਰ ਸਾਹਿਬਜ਼ਾਦਾ ਅਜੀਤ ਸਿੰਘ ਦੇ ਨਾਮ ਨਾਲ ਸਥਾਪਿਤ ਕੀਤਾ ਗਿਆ ਸੀ। ਇਹ ਇਕ ਯੋਜਨਾਬੱਧ ਸ਼ਹਿਰ ਹੈ, ਜੋ ਚੰਡੀਗੜ੍ਹ ਦੇ ਦੱਖਣ-ਪੱਛਮ ਵਿਚ ਸਥਿਤ ਇਕ ਪ੍ਰਸ਼ਾਸਕੀ ਅਤੇ ਵਪਾਰਕ ਕੇਂਦਰ ਹੈ। ਇਸ ਨੂੰ ਆਧੁਨਿਕ ਸਮੇਂ ਵਿਚ ਇੰਟਰਨੈਸਨਲ ਟੈਕਨਾਲੋਜੀ ਹੱਬ ਕਰਕੇ ਵੀ ਜਾਣਿਆ ਜਾਂਦਾ ਹੈ। ਇਸਦੇ ਅੰਤਰਗਤ ਤਹਿਸੀਲ ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਖਰੜ, ਡੇਰਾਬੱਸੀ, ਬਨੂੜ, ਬਲਾਕ ਮਾਜਰੀ, ਜ਼ੀਰਕਪੁਰ ਅਤੇ 383 ਪਿੰਡ ਆਉਂਦੇ ਹਨ। ਪਟਿਆਲਾ ਪੰਜਾਬ ਦੇ ਦੱਖਣ-ਪੂਰਬ ਵੱਲ ਪੁਰਾਤਨ ਜ਼ਿਲ੍ਹਾ ਅਤੇ ਸ਼ਾਹੀ ਰਿਆਸਤ ਹੈ। ਇਸ ਦੀ ਸਥਾਪਨਾ ਫੂਲਕੀਆਂ ਖ਼ਾਨਦਾਨ ਦੇ ਬਾਬਾ ਆਲਾ ਸਿੰਘ ਨੇ ਸੰਨ 1753 ਈ. ਵਿਚ ਕੀਤੀ ਸੀ। ਇਸਦਾ ਨਾਂ ਆਲਾ ਸਿੰਘ ਦੀ ਪੱਟੀ ਅਤੇ ਮਗਰੋਂ ਪੱਟੀ+ਆਲਾ ਅਤੇ ਫੇਰ ਪਟਿਆਲਾ ਪੈ ਗਿਆ। ਪੱਟੀ ਦੇ ਆਲੇ ਦੀ 'ਅੱਲ' ਮਗਰੋਂ ਇਹ ਸ਼ਹਿਰ ਪਟਿਆਲਾ ਦੇ ਨਾਂ ਤੋਂ ਪ੍ਰਸਿੱਧ ਹੋਇਆ। ਇਸ ਸਥਾਨ ਉੱਤੇ ਪਹਿਲਾਂ 'ਪਟਾਂਵਾਲਾ ਥੇਹ' ਹੁੰਦਾ ਸੀ। ਬਾਬਾ ਆਲਾ ਸਿੰਘ ਨੇ ਸੰਨ 1753 ਈ. ਵਿਚ ਸਨੌਰ ਪਰਗਨਾਹ ਦੇ 84 ਪਿੰਡਾਂ ਨੂੰ ਆਪਣੇ ਅਧੀਨ ਕਰਕੇ ਥੇਹ ਵਾਲੀ ਥਾਂ ਉਤੇ ਪਹਿਲਾਂ ਕੱਚੀ ਗੜ੍ਹੀ ਬਣਵਾਈ ਅਤੇ ਦਸ ਸਾਲ ਬਾਦ ਸੰਨ 1763 ਈ. ਵਿਚ ਕਿਲ੍ਹਾ ਮੁਬਾਰਕ ਦੀ ਨੀਂਹ ਰੱਖੀ। ਉਸ ਦਿਨ ਤੋਂ ਇਹ ਨਗਰ 'ਪਟਿਆਲਾ' ਵਜੋਂ ਪ੍ਰਸਿੱਧ ਹੋ ਗਿਆ। ਇਸ ਦੇ ਉੱਤਰ ਵੱਲ ਜ਼ਿਲ੍ਹਾ ਸ੍ਰੀ ਫ਼ਤਹਿਗੜ੍ਹ ਸਾਹਿਬ, ਰੂਪਨਗਰ (ਰੋਪੜ), ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ), ਚੰਡੀਗੜ੍ਹ, ਪੱਛਮ ਵਾਲੇ ਪਾਸੇ ਜ਼ਿਲ੍ਹਾ ਸੰਗਰੂਰ, ਮਾਲੇਰਕੋਟਲਾ, ਪੂਰਬ ਵੱਲ ਜ਼ਿਲ੍ਹਾ ਅੰਬਾਲਾ, ਕੁਰੁਕਸ਼ੇਤਰ ਅਤੇ ਦੱਖਣ ਵੱਲ ਜ਼ਿਲ੍ਹਾ ਕੈਥਲ ਪੈਂਦਾ ਹੈ। ਇਹ ਪੰਜਾਬ ਸੂਬੇ ਦੇ ਦੱਖਣ-ਪੂਰਬ ਵੱਲ 29° 49' ਅਤੇ 30° 47' ਅਕਸ਼ਾਂਸ ਅਤੇ 75° 58' ਅਤੇ 76° 54' ਪੂਰਬੀ ਲੰਬਾਕਾਰ ਵਿਚਕਾਰ ਸਥਿਤ ਹੈ। ਇਹ ਸਥਾਨ ਸਿੱਖਿਆ ਦੇ ਖੇਤਰ ਵਿਚ ਵੀ ਆਗੂ ਰਿਹਾ ਹੈ। ਦੇਸ਼ ਦਾ ਪਹਿਲਾ ਡਿਗਰੀ

ਕਾਲਜ ਮਹਿੰਦਰਾ ਕਾਲਜ ਦੀ ਸਥਾਪਨਾ 1870 ਈ. ਅਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ 1962 ਈ. ਵਿਚ ਰੱਖੀ ਗਈ। ਇਸ ਜ਼ਿਲ੍ਹੇ ਵਿਚ ਉੱਚੇ ਮੈਦਾਨ, ਚੋਅ ਪ੍ਰਭਾਵਿਤ ਤਲਹੱਟੀ ਮੈਦਾਨ ਅਤੇ ਘੱਗਰ ਨਦੀ ਦੇ ਹੜ੍ਹ ਮੈਦਾਨ ਸ਼ਾਮਿਲ ਹਨ। ਜਿਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਨ ਘੱਗਰ ਨਦੀ, ਟਾਂਗਰੀ ਨਦੀ, ਪਟਿਆਲਾ ਨਦੀ ਜਾਂ ਵੱਡੀ ਨਦੀ, ਸਰਹਿੰਦ ਚੋਅ ਅਤੇ ਝੰਬੋ ਵਾਲੀ ਚੋਅ ਪ੍ਰਮੁੱਖ ਹਨ। ਇਹ ਸ਼ਹਿਰ ਰਵਾਇਤੀ ਪੱਗ, ਪਰਾਂਦੇ, ਨਾਲੇ, ਪਟਿਆਲਾ ਸ਼ਾਹੀ ਸਲਵਾਰ, ਪੰਜਾਬੀ ਜੁੱਤੀ ਅਤੇ ਪਟਿਆਲਾ ਪੈੱਗ ਲਈ ਪ੍ਰਸਿੱਧ ਹੈ। ਤਹਿਸੀਲ ਪਟਿਆਲਾ, ਨਾਭਾ, ਰਾਜਪੁਰਾ, ਸਮਾਣਾ, ਪਾਤੜਾਂ ਅਤੇ ਦੁਧਨ ਸਾਧਾ ਅਤੇ ਸਬ-ਤਹਿਸੀਲਾਂ ਭਾਦਸੋਂ ਅਤੇ ਘਨੌਰ ਆਦਿ ਸ਼ਾਮਿਲ ਹਨ। ਇੱਥੋਂ ਦੇ ਲੋਕਾਂ ਨੂੰ ਪੁਆਧੀਏ ਕਿਹਾ ਜਾਂਦਾ ਹੈ। ਪੰਜਾਬ ਦੇ ਉੱਤਰ ਪੂਰਬੀ ਖਿੱਤੇ ਦੀ ਜ਼ਰਖੇਜ਼ ਭੂਮੀ, ਜੀਵਨ-ਅਨੁਕੂਲ ਸਹਿੰਦਾ ਠੰਡਾ-ਗਰਮ, ਤਰ ਜਲਵਾਯੂ ਅਤੇ ਹਿਮਾਲਾ ਪਰਬਤ ਦੀ ਸ਼ਿਵਾਲਿਕ ਦੀਆਂ ਪਹਾੜੀਆਂ ਤੋਂ ਵਹਿੰਦੇ ਦਰਿਆਵਾਂ, ਨਾਲੇ ਅਤੇ ਚੋਆਂ ਦੀ ਕੁਦਰਤੀ ਨਿਆਮਤ ਨੇ ਇਸ ਹੁਸੀਨ ਜ਼ਮੀਨ ਨੂੰ ਪ੍ਰਾਚੀਨ ਜ਼ਮਾਨੇ ਤੋਂ ਹੀ ਮਨੁੱਖੀ ਵੱਸੋਂ ਲਈ ਬਹੁਤ ਅਨੁਕੂਲ ਬਣਾਈ ਰਖਿਆ ਹੋਇਆ ਹੈ। ਮਨੁੱਖੀ-ਜੀਵਨ ਦੀਆਂ ਮੂਲ ਲੋੜਾਂ ਅਤੇ ਜ਼ਰੂਰਤਾਂ ਸਹਿਜੇ ਹੀ ਪ੍ਰਾਪਤ ਹੋ ਜਾਣ ਕਾਰਨ ਇੱਥੇ ਮਨੁੱਖ ਹਜ਼ਾਰਾਂ ਸਾਲਾਂ ਤੋਂ ਵਸਦਾ ਆ ਰਿਹਾ ਹੈ। ਲਗਾਤਾਰ ਉਥਲ-ਪੁਥਲ ਅਤੇ ਤਬਾਹੀ ਦੇ ਬਾਵਜੂਦ ਇਹ ਖਿੱਤਾ ਅਬਾਦ ਰਿਹਾ ਹੈ। ਇਹ ਖਿੱਤਾ ਉਪ ਇਲਾਕਿਆਂ ਵਿਚ ਵੰਡਿਆ ਹੋਇਆ ਹੈ :

ਘੱਗਰਵਾਦੀ ਇਲਾਕੇ ਵਿਚ ਜ਼ਿਲ੍ਹਾ ਪਟਿਆਲਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਅਤੇ ਚੰਡੀਗੜ੍ਹ ਆਦਿ ਆਉਂਦੇ ਹਨ। ਘੱਗਰ ਦੀਆਂ ਸਹਾਇਕ ਨਦੀਆਂ, ਨਾਲੇ, ਖੱਡਾਂ ਅਤੇ ਚੋਅ ਜਿਵੇਂ ਬਲੌਂਗੀ ਨਦੀ, ਉਰਮਿਲਾ ਨਦੀ, ਸੁਖਨਾ ਚੋਅ, ਜਿਅੰਤੀ ਕੀ ਰਾਓ, ਪਟਿਆਲਾ ਕੀ ਰਾਓ ਜਾਂ ਪਟਿਆਲਵੀ, ਝੰਬੋਵਾਲੀ ਚੋਅ, ਸਰਹਿੰਦ ਚੋਅ, ਅਟਾਵਾ ਚੋਅ, ਲਖਨੌਰ ਚੋਅ, ਪੱਛੀ ਦਰਾਂ ਅਤੇ ਬਨੂੜ ਚੋਅ ਹਨ। ਸਤਲੁਜ ਦਰਿਆ ਦੇ ਪੱਛਮ ਵੱਲ ਸਥਿਤ ਮੈਦਾਨੀ ਭੂ-ਖੰਡ ਨੂੰ ਦਰੋਣੀ ਆਖਦੇ ਸਨ ਜਿਸਨੂੰ ਅੱਜਕੱਲ੍ਹ ਦੂਣੀ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਦਰੋਣੀ ਜਾਂ ਦੂਣੀ ਦੋ ਪਹਾੜਾਂ ਦੇ ਵਿਚਕਾਰ ਸਥਿਤ ਇਲਾਕੇ ਨੂੰ ਕਹਿੰਦੇ ਹਨ। ਹਿਮਾਲਿਆਂ ਦੀ ਸ਼ਿਵਾਲਿਕ ਦੀਆਂ ਪਹਾੜੀਆਂ ਨੂੰ ਸਥਾਨਕ ਭਾਸ਼ਾ ਵਿਚ ਦੂਣ ਦਾ ਇਲਾਕਾ ਕਿਹਾ ਜਾਂਦਾ ਹੈ। ਜ਼ਿਲ੍ਹਾ ਰੂਪਨਗਰ (ਰੋਪੜ) ਅੰਤਰਗਤ ਸ੍ਰੀ ਆਨੰਦਪੁਰ ਸਾਹਿਬ ਤੋਂ ਸ੍ਰੀ ਕੀਰਤਪੁਰ ਸਾਹਿਬ ਦੇ ਵਿਚਕਾਰ ਦੇ ਇਲਾਕੇ ਨੂੰ ਦੂਣ ਦਾ ਇਲਾਕਾ ਕਿਹਾ ਜਾਂਦਾ ਹੈ। ਇਸ ਇਲਾਕੇ ਵਿਚ ਖੇਤੀਬਾੜੀ ਦੀ ਜ਼ਮੀਨ ਉੱਚੀ-ਨੀਵੀਂ, ਪਥਰੀਲੀ ਅਤੇ ਉਬੜ-ਖਾਬੜ ਹੈ। ਇਸ ਇਲਾਕੇ ਵਿਚ ਬਰਸਾਤ ਬਹੁਤ ਜ਼ਿਆਦਾ ਹੋਣ ਕਰਕੇ ਬਨਸਪਤੀ ਬਹੁਤ ਜਿਆਦਾ ਕਿਸਮ ਦੀ ਪਾਈ ਜਾਂਦੀ ਹੈ। ਜ਼ਿਲ੍ਹਾ ਰੂਪਨਗਰ (ਰੋਪੜ), ਚੰਡੀਗੜ੍ਹ ਅਤੇ ਸਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੇ ਦੱਖਣ-ਪੂਰਬ ਵੱਲ ਸ਼ੁਰੂ ਤੋਂ ਪਾਣੀ ਦੀ ਘਾਟ ਰਹੀ ਹੈ ਇਸ ਕਰਕੇ ਇਸ ਨੂੰ ਘਾਟ/ਘਾੜ ਦਾ ਇਲਾਕਾ ਕਿਹਾ ਜਾਂਦਾ ਹੈ। ਜਿਸ ਦੇ ਅੰਤਰਗਤ ਭਰਤਗੜ੍ਹ, ਘਨੌਲੀ, ਸਰਸਾ ਨੰਗਲ, ਲੋਦੀ ਮਾਜਰਾ, ਬਲਾਕ ਮਾਜਰੀ, ਖਿਜ਼ਰਾਬਾਦ, ਨਵਾਂ ਗਾਓ, ਮੁੱਲਾਂਪੁਰ ਗਰੀਬਦਾਸ, ਨਿਊ ਚੰਡੀਗੜ੍ਹ, ਸਿਆਲਵਾ, ਧਨਾਸ, ਮਲੋਆ, ਖੁੱਡਾ ਅਲੀਸ਼ੇਰ, ਖੁੱਡਾ ਲਾਹੌਰਾ, ਖੁੱਡਾ ਜੱਸੂ, ਪੁਰਖਾਲੀ, ਬਿੰਦਰੱਖ, ਕੁਰਾਲੀ-ਸ਼ਿਸਵਾਂ ਰੋੜ, ਮੀਆਂਪੁਰ ਅਤੇ ਰੰਗੀਲਪੁਰ ਆਦਿ ਆਉਂਦੇ ਹਨ। ਇੱਥੇ ਖੇਤੀਬਾੜੀ ਲਈ ਪਾਣੀ ਕੂਲ੍ਹਾਂ, ਚੋਆਂ, ਨਾਲਿਆਂ ਅਤੇ ਘੱਗਰ ਦਰਿਆਂ ਤੋਂ ਲਿਆ ਜਾਂਦਾ ਸੀ। ਇਸ ਇਲਾਕੇ ਵਿਚ ਕਿੱਕਰਾਂ ਦੇ ਜੰਗਲ, ਕਾਬਲੀ ਕਿੱਕਰਾਂ ਦੇ ਜੰਗਲ, ਟਾਹਲੀਆਂ ਦੇ

ਜੰਗਲ, ਮਿੱਠਾ ਨਿੰਮ, ਹਜ਼ਰਦਾਨ, ਮੇਥੀ, ਆਰੂਸਾ, ਰੱਤੀ, ਕੂਬੇਲੀਆ ਅਤੇ ਬੇਰੀਆਂ ਆਦਿ ਮਿਲਦੇ ਹਨ। ਹੜ੍ਹਾਂ ਨਾਲ ਪ੍ਰਭਾਵਿਤ ਇਲਾਕੇ ਨੂੰ ਨੈਲੀ ਕਿਹਾ ਜਾਂਦਾ ਹੈ। ਜ਼ਿਲ੍ਹਾ ਰੂਪਨਗਰ (ਰੋਪੜ), ਚੰਡੀਗੜ੍ਹ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਅਤੇ ਪਟਿਆਲੇ ਦੇ ਇਲਾਕੇ ਨੂੰ ਨੈਲੀ ਦਾ ਇਲਾਕਾ ਵੀ ਕਿਹਾ ਜਾਂਦਾ ਹੈ। ਘਾੜ/ਘਾਟ ਇਲਾਕੇ ਦੇ ਪੱਛਮ ਅਤੇ ਸਤਲੁਜ ਦੇ ਪੂਰਬ ਵੱਲ ਦੇ ਇਲਾਕੇ ਨੂੰ ਦਰੋਤੇ ਦਾ ਇਲਾਕੇ ਕਿਹਾ ਜਾਂਦਾ ਹੈ। ਚੰਡੀਗੜ੍ਹ ਦੇ ਪੱਛਮ ਤੋਂ ਦੱਖਣ ਵੱਲ ਦੇ ਇਲਾਕੇ ਨੂੰ ਬੈਦਵਾਣਾ ਦੀ ਪੱਟੀ ਦਾ ਇਲਾਕਾ ਕਿਹਾ ਜਾਂਦਾ ਹੈ, ਜਿਸ ਦੇ ਅੰਤਰਗਤ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਆਉਂਦਾ ਹੈ। ਸ੍ਰੀ ਫ਼ਤਹਿਗੜ੍ਹ ਸਾਹਿਬ ਅਤੇ ਸ੍ਰੀ ਚਮਕੌਰ ਸਾਹਿਬ ਦੇ ਵਿਚਕਾਰਲੇ ਇਲਾਕੇ ਨੂੰ ਢਾਹਾ ਇਲਾਕਾ ਕਿਹਾ ਜਾਂਦਾ ਹੈ। ਸ੍ਰੀ ਫ਼ਤਹਿਗੜ ਸਾਹਿਬ ਅਤੇ ਸਰਹਿੰਦ ਦੇ ਉੱਤਰ-ਪੂਰਬੀ ਇਲਾਕੇ ਨੂੰ ਚਰਖੀ ਕਿਹਾ ਜਾਂਦਾ ਹੈ। ਸ੍ਰੀ ਆਨੰਦਪੁਰ ਸਾਹਿਬ ਅਤੇ ਸ੍ਰੀ ਕੀਰਤਪੁਰ ਸਾਹਿਬ ਦੇ ਇਲਾਕੇ ਵੱਲ ਜੰਗਲ ਬੀਆਬਾਨ ਇਲਾਕਾ ਹੈ। ਇਸ ਇਲਾਕੇ ਵਿਚ ਇਕ ਪਾਸੇ ਦਰਿਆ ਸਤਲੁਜ ਤੇ ਚਰਨ ਗੰਗਾ ਚੋਅ ਹਨ ਅਤੇ ਦੂਜੇ ਪਾਸੇ ਪਹਾੜ ਹਨ। ਦਰਿਆ ਅਤੇ ਪਹਾੜਾਂ ਵਿਚਕਾਰ ਸੰਘਣੇ ਜੰਗਲ ਹਨ ਜਿੱਥੇ ਬਹੁਤ ਸਾਰੇ ਹਾਥੀ, ਸ਼ੇਰ, ਬਘਿਆੜ ਅਤੇ ਹੋਰ ਬਹੁਤ ਸਾਰੇ ਜਾਨਵਰ ਖੁਲ੍ਹੇਆਮ ਮਿਲਦੇ ਹਨ। ਇਸ ਇਲਾਕੇ ਵਿਚ ਹਾਥੀ ਬਹੁਤ ਜਿਆਦਾ ਹੋਣ ਕਾਰਨ ਇਸ ਨੂੰ ਹਾਥੀਆਂ ਦਾ ਘਰ ਜਾਂ ਹਥੌਤ ਦਾ ਇਲਾਕਾ ਕਿਹਾ ਜਾਂਦਾ ਹੈ। ਹਥੌਤ ਦੇ ਇਲਾਕੇ ਦੀ ਲੰਬਾਈ 50 ਕਿਲੋਮੀਟਰ ਅਤੇ ਚੌੜਾਈ 12 ਕਿਲੋਮੀਟਰ ਕਰੀਬ ਹੈ।

## ਵਾਤਾਵਰਨ

ਚੌਗਿਰਦਾ ਜਾਂ ਵਾਤਾਵਰਨ ਉਨ੍ਹਾਂ ਸਾਰੀਆਂ ਪਰਸਥਿਤੀਆਂ ਦਾ ਕੁਲ ਜੋੜ ਹੁੰਦਾ ਹੈ ਜਿਹੜੀਆਂ ਜੀਵਾਂ ਦੇ ਜੀਵਨ ਅਤੇ ਵਿਕਾਸ ਨੂੰ ਪ੍ਰਭਾਵਿਤ ਕਰਦੀਆਂ ਹਨ। ਵਾਤਾਵਰਨ ਤੋਂ ਭਾਵ ਉਨ੍ਹਾਂ ਬਾਹਰੀ ਪਰਿਸਥਿਤੀਆਂ ਅਤੇ ਪ੍ਰਭਾਵਾਂ ਤੋਂ ਹੈ ਜਿਹੜੀਆਂ ਲੋਕ ਸਮੂਹ ਦੀ ਜ਼ਿੰਦਗੀ ਨੂੰ ਅਤੇ ਇਸਦੇ ਵਿਕਾਸ ਨੂੰ ਪ੍ਰਭਾਵਿਤ ਕਰਦੀਆਂ ਹਨ। ਅੰਗਰੇਜ਼ੀ ਭਾਸ਼ਾ ਦਾ ਸ਼ਬਦ Environment ਫ਼ਰੈਂਚ ਭਾਸ਼ਾ ਦਾ ਸ਼ਬਦ ਹੈ। ਪੰਜਾਬੀ ਭਾਸ਼ਾ ਵਿਚ ਇਸਨੂੰ ਵਾਤਾਵਰਨ ਕਿਹਾ ਜਾਂਦਾ ਹੈ। ਵਾਤਾਵਰਨ ਦਾ ਅਰਥ ਹੈ ਆਲਾ-ਦੁਆਲਾ। ਮਨੁੱਖ ਦੇ ਆਲੇ-ਦੁਆਲੇ ਦੇ ਹਾਲਾਤ ਅਤੇ ਸਥਿਤੀਆਂ-ਪਰਿਸਥਿਤੀਆਂ ਜਿਹੜੇ ਮਨੁੱਖ, ਜਾਨਵਰ ਅਤੇ ਪੌਦਿਆਂ ਦੇ ਵਾਧੇ, ਉਨ੍ਹਾਂ ਦੇ ਰਹਿਣ-ਸਹਿਣ ਅਤੇ ਕੰਮ ਕਰਨ ਦੀਆਂ ਹਾਲਤਾਂ ਨੂੰ ਪ੍ਰਭਾਵਿਤ ਕਰਦੇ ਹੋਣ ਨੂੰ ਵਾਤਾਵਰਨ ਕਹਿੰਦੇ ਹਨ। ਦੂਸਰੇ ਸ਼ਬਦਾਂ ਵਿਚ, ਇਹ ਕਿਹਾ ਜਾ ਸਕਦਾ ਹੈ ਕਿ ਮਨੁੱਖ ਜੀਵਨ ਦੇ ਆਲੇ-ਦੁਆਲੇ ਦੇ ਹਾਲਾਤ, ਜੈਵਿਕ ਅਤੇ ਅਜੈਵਿਕ ਤੱਤ ਜੋ ਮਨੁੱਖ ਦੀ ਰੋਜ਼ਾਨਾ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦੇ ਹਨ, ਹੀ ਵਾਤਾਵਰਨ ਹੈ। ਪੁਰਾਤਨ ਸਮੇਂ ਵਾਤਾਵਰਨ ਵਿਚ ਹਵਾ, ਪਾਣੀ, ਧਰਤੀ ਅਤੇ ਜੈਵਿਕ ਤੱਤ ਮਹੱਤਵਪੂਰਨ ਸਨ ਪਰ ਸਮੇਂ ਦੇ ਬਦਲਣ ਨਾਲ ਮਨੁੱਖ ਨੇ ਵਾਤਾਵਰਨ ਦਾ ਦਾਇਰਾ ਜਾਂ ਆਲਾ-ਦੁਆਲੇ ਕੁਦਰਤੀ ਤੱਤਾਂ, ਜੈਵਿਕ-ਅਜੈਵਿਕ ਤੋਂ ਵੱਧ ਕੇ ਸਮਾਜਿਕ, ਸਭਿਆਚਾਰਕ, ਆਰਥਿਕ ਅਤੇ ਰਾਜਨਿਤਿਕ ਤੱਤਾਂ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ। ਪੰਜਾਬ ਦਾ ਉੱਤਰ ਪੂਰਬੀ ਖਿੱਤਾ ਪੰਜਾਬ ਦਾ ਮਹੱਤਵਪੂਰਨ ਖਿੱਤਾ ਹੈ ਇਸ ਦੀ ਵਾਤਾਵਰਨ ਸੁੰਦਰਤਾ ਦੀ ਆਪਣੀ ਵਿਲੱਖਣਤਾ ਹੈ। ਇਸ ਦਾ ਬਹੁਤਾ ਹਿੱਸਾ ਅਰਧ ਪਹਾੜੀ ਹੈ। ਇਹ ਪਹਾੜੀ ਖਿੱਤਾ ਕੁਦਰਤੀ ਨਜ਼ਾਰਿਆਂ ਨਾਲ ਖੂਬਸੂਰਤ ਦਿੱਖ ਪੈਦਾ ਕਰਦਾ ਹੈ। ਇਸ ਖਿੱਤੇ

ਦੀ ਜੈਵਿਕ ਵਿਭਿੰਨਤਾ ਮੂੰਹੋ ਬੋਲਦੀ ਹੈ ਅਤੇ ਇਸ ਵਿਭਿੰਨਤਾ ਨੂੰ ਬਚਾਈ ਰੱਖਣ ਵਿਚ ਸ਼ਿਵਾਲਿਕ ਦੀਆਂ ਪਹਾੜੀਆਂ ਦਾ ਅਹਿਮ ਰੋਲ ਹੈ। ਸ਼ਿਵਾਲਿਕ ਦੀਆਂ ਪਹਾੜੀਆਂ ਦੀ ਸੁੰਦਰਤਾ ਪਿੱਛੇ ਬਨਸਪਤੀ, ਦਰੱਖਤ, ਜੜ੍ਹੀਆਂ-ਬੂਟੀਆਂ ਅਤੇ ਜੰਗਲੀ ਪਸ਼ੂ-ਪੰਛੀ ਇਸ ਖਿੱਤੇ ਨੂੰ ਅਨੋਖੀ ਵਿਸ਼ੇਸ਼ਤਾ ਪ੍ਰਦਾਨ ਕਰਦੇ ਹਨ। ਪੰਜਾਬ ਦੇ ਉੱਤਰ ਪੂਰਬੀ ਖਿੱਤੇ ਦੀ ਜੈਵਿਕ ਵੰਨ-ਸੁਵੰਨਤਾ ਨੂੰ ਬਚਾਈ ਰੱਖਣ ਵਿਚ ਸ਼ਿਵਾਲਿਕ ਦੀਆਂ ਪਹਾੜੀਆਂ ਦਾ ਵਿਸ਼ੇਸ਼ ਯੋਗਦਾਨ ਹੈ। ਪੰਜਾਬ ਦੇ ਉੱਤਰ ਪੂਰਬੀ ਖਿੱਤੇ ਦੀਆਂ ਜਲਗਾਹਾਂ ਸੰਸਾਰ ਵਿਚ ਬਹੁਤ ਪ੍ਰਸਿੱਧ ਹਨ ਜੋ ਇਸ ਖਿੱਤੇ ਨੂੰ ਸੁੰਦਰ ਬਣਾਉਣ ਵਿਚ ਅਹਿਮ ਯੋਗਦਾਨ ਪਾ ਰਹੀਆਂ ਹਨ ਅਤੇ ਜੋ ਇਸ ਖਿੱਤੇ ਦੇ ਵਿਕਾਸ ਦੀਆਂ ਪ੍ਰਤੀਕ ਹਨ। ਪੰਜਾਬ ਦੇ ਉੱਤਰ ਪੂਰਬੀ ਖਿੱਤੇ ਵਿਚ ਪੌਣ-ਪਾਣੀ ਦੇ ਲਿਹਾਜ ਨਾਲ ਜਲਗਾਹਾਂ ਜ਼ਿਲ੍ਹਾ ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੇ ਪਿੰਡ ‘ਮੋਟੇ ਮਾਜਰਾ ਜਲਗਾਹ’ ਨੂੰ ਕੁਦਰਤੀ ਜਲਗਾਹ ਕਿਹਾ ਜਾਂਦਾ ਹੈ। ਖਰੜ ਸ਼ਹਿਰ ਵਿਚ ਸ੍ਰੀ ਰਾਮ ਚੰਦਰ ਜੀ ਦੇ ਦਾਦਾ ਮਹਾਰਾਜਾ ਅੱਜ ਦੁਆਰਾ ਨਿਰਮਿਤ ਜਲਗਾਹ ‘ਮਹਾਰਾਜਾ ਅੱਜ ਜਲਗਾਹ’, ਚੰਡੀਗੜ੍ਹ ਵਿਚ ‘ਸੁਖਨਾ ਜਲਗਾਹ’, ਰੂਪਨਗਰ ਵਿਚ ‘ਰੋਪੜ ਜਲਗਾਹ’, ਨੰਗਲ ਵਿਚ ‘ਨੰਗਲ ਜਲਗਾਹ’ ਅਤੇ ਸਿਸਵਾਂ ਵਿਚ ‘ਸਿਸਵਾਂ ਜਲਗਾਹ’ ਮਨੁੱਖ ਨਿਰਮਾਣਿਤ ਜਲਗਾਹਾਂ ਆਦਿ ਪ੍ਰਮੁੱਖ ਹਨ। ਇਨ੍ਹਾਂ ਜਲਗਾਹਾਂ ਦੇ ਨੇੜੇ ਆਮਤੌਰ ’ਤੇ ਸੈਂਕੜੇ ਕਿਸਮ ਦੇ ਪਸ਼ੂ-ਪੰਛੀ, ਜੀਵ-ਜੰਤੂ, ਦੁਧਾਧਾਰੀ ਜੀਵ, ਰੀਂਗਣ ਵਾਲੇ ਜਾਨਵਰ ਅਤੇ ਹਜਾਰਾਂ ਦੀ ਗਿਣਤੀ ਵਿਚ ਫੁੱਲਾਂ ਵਾਲੇ ਬੂਟੇ ਪਾਏ ਜਾਂਦੇ ਹਨ। ਰੋਪੜ ਜਲਗਾਹ ਦਾ ਕੁਲ ਖੇਤਰਫ਼ਲ 13.65 ਵਰਗ ਕਿਲੋਮੀਟਰ ਹੈ। ਇਹ ਜਲਗਾਹ 1952 ਈ. ਵਿਚ ਹੋਂਦ ਵਿਚ ਆਈ। ਇਸ ਜਲਗਾਹ ਨੂੰ ਅੰਤਰ-ਰਾਸਟਰੀ ਮਾਨਤਾ ਪ੍ਰਾਪਤ ਹੈ। ਇਸ ਜਲਗਾਹ ਵਿਚ 9 ਕਿਸਮਾਂ ਦੇ ਜਾਨਵਰ ਅਤੇ 154 ਕਿਸਮਾਂ ਦੇ ਪੰਛੀ ਮੌਜੂਦ ਹਨ। ਇਸ ਵਿਚ 35 ਕਿਸਮ ਦੀਆਂ ਮੱਛੀਆਂ, 39 ਕਿਸਮ ਦੇ ਜਲਕੀਟ, 10 ਕਿਸਮ ਦੇ ਰੁੱਖ ਅਤੇ 13 ਕਿਸਮ ਦੀਆਂ ਝਾੜੀਆਂ ਅਤੇ ਘਾਹ ਦੀਆਂ ਵੰਨਗੀਆਂ ਮੌਜੂਦ ਹਨ। ਨੰਗਲ ਜਲਗਾਹ ਇਸ ਖਿੱਤੇ ਦੀ ਦੂਜੀ ਵੱਡੀ ਜਲਗਾਹ ਹੈ ਜਿਸ ਦਾ ਖੇਤਰਫ਼ਲ 4 ਵਰਗ ਕਿਲੋਮੀਟਰ ਹੈ। ਇਸ ਨੂੰ ਰਾਜ-ਪੱਧਰੀ ਦੀ ਮਾਨਤਾ ਪ੍ਰਾਪਤ ਹੈ। ਇਸ ਜਲਗਾਹ ਵਿਚ ਅਨੇਕਾਂ ਕਿਸਮ ਦੇ ਜੀਵ-ਜੰਤੂ ਅਤੇ ਪੰਛੀ ਮੌਜੂਦ ਹਨ। ਤੀਜੀ ਜਲਗਾਹ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੀ ਤਹਿਸੀਲ ਬਨੂੜ ਅਧੀਨ ਪਿੰਡ ਮੋਟੇਮਾਜਰਾ ਵਿਚ ਕੁਦਰਤੀ ਜਲਗਾਹ ਹੈ। ਇਹ ਜਲਗਾਹ ਲਗਭਗ 25 ਏਕੜ ਵਿਚ ਫੈਲੀ ਹੋਈ ਹੈ। ਇਸ ਵਿਚ ਦਸੰਬਰ ਅਤੇ ਜਨਵਰੀ ਮਹੀਨੇ ਵਿਚ ਪਰਵਾਸੀ ਪੰਛੀਆਂ ਦੀ ਆਮਦ ਸ਼ੁਰੂ ਹੋ ਜਾਂਦੀ ਹੈ। ਪਰਵਾਸੀ ਪੰਛੀਆਂ ਵਿਚ ਸਾਇਬੇਰੀਆਂ ਅਤੇ ਠੰਡੇ ਮੁਲਕਾਂ ਤੋਂ ਹਜ਼ਾਰਾਂ ਕਿਲੋਮੀਟਰ ਦਾ ਪੈਂਡਾ ਤਹਿ ਕਰਕੇ ਮੁਰਗਾਬੀ, ਕਾਲੇ ਚਿੱਟੇ ਲਾਲ ਮੱਗ ਅਤੇ ਹੋਰ ਪੰਛੀ ਆਉਂਦੇ ਹਨ। ਇਸ ਜਲਗਾਹ ਵਿਚ ਸੰਘਾੜਿਆਂ ਦੀ ਫ਼ਸਲ ਪੈਦਾ ਕੀਤੀ ਜਾਂਦੀ ਹੈ। ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵਿਚ ਸ਼ਹਿਰ ਖਰੜ ਵਿਖੇ ਮੌਜੂਦ ‘ਮਹਾਰਾਜਾ ਅਜ ਸਰੋਵਰ’ ਇਕ ਬਹੁਤ ਵੱਡਾ ਤਾਲਾਬ ਜਾਂ ਜਲਗਾਹ ਹੈ ਜੋ ਭਗਵਾਨ ਸ੍ਰੀ ਰਾਮਚੰਦਰ ਜੀ ਦੇ ਦਾਦਾ ਮਹਾਰਾਜਾ ਅਜ ਨੇ ਬਣਵਾਇਆ ਸੀ। ਪੰਜਾਬ ਦੇ ਉੱਤਰ ਪੂਰਬੀ ਖਿੱਤੇ ਦੀ ਇਹ ਇਕ ਖਾਸ ਮਨੁੱਖ ਨਿਰਮਾਣਿਤ ਪੁਰਾਤਨ ਜਲਗਾਹ ਹੈ। ਜਿਸ ਨੂੰ ਮੌਜੂਦਾ ਸਮੇਂ ਵਿਚ ਸੈਰ ਸਪਾਟੇ ਵਜੋਂ ਵਿਕਸਿਤ ਕੀਤਾ ਗਿਆ ਹੈ। ਰਾਜਧਾਨੀ ਚੰਡੀਗੜ੍ਹ ਵਰਗਾ ਨਵੀਨ ਸ਼ਹਿਰ ਵੀ ਪੰਜਾਬ ਦੇ ਉੱਤਰ ਪੂਰਬੀ

ਖਿੱਤੇ ਦੀ ਧਰਤੀ ਦੇ ਹੀ ਹਿੱਸੇ ਆਇਆ ਹੈ। ਚੰਡੀਗੜ੍ਹ ਦੀ ਸੁਖਨਾ ਜਲਗਾਹ, ਪੰਜਾਬ ਦੇ ਉੱਤਰ ਪੂਰਬੀ ਖਿੱਤੇ ਦੀ ਇਕ ਹੋਰ ਮਨੁੱਖ ਨਿਰਮਾਣਿਤ ਅਹਿਮ ਆਧੁਨਿਕ ਜਲਗਾਹ ਹੈ ਜੋ ਸਰਦੀਆਂ ਦੇ ਮੌਸਮ ਵਿਚ ਅਨੇਕਾਂ ਵੰਨਗੀਆਂ ਦੇ ਪ੍ਰਵਾਸੀਆਂ ਨੂੰ ਬਸੇਰਾ ਪ੍ਰਦਾਨ ਕਰਦੀ ਹੈ। ਇਸ ਜਲਗਾਹ ਦੇ ਪਾਣੀਆਂ ਵਿਚ ਵਿਭਿੰਨ ਜੀਵ-ਜੰਤੂਆਂ, ਪੰਛੀਆਂ ਅਤੇ ਜਾਨਵਰਾਂ ਦੀਆਂ ਕਿਸਮਾਂ ਮੌਜੂਦ ਹਨ। ਸਿਸਵਾਂ ਜੰਗਲ ਅਤੇ ਜਲਗਾਹ ਚੰਡੀਗੜ੍ਹ-ਬੱਦੀ ਰਾਜ ਮਾਰਗ ’ਤੇ ਸਥਿਤ ਹੈ। ਇਹ ਬਹੁਤ ਹੀ ਅਸਧਾਰਨ ਅਤੇ ਉਪ-ਪਹਾੜੀ ਕੰਢੀ ਖੇਤਰ ਹੈ, ਜਿਸ ਨੂੰ ਚੋਅ ਕਿਹਾ ਜਾਂਦਾ ਹੈ ਅਤੇ ਕਈ ਛੋਟੀਆਂ ਅਤੇ ਵੱਡੀਆਂ ਮੌਸਮੀ ਧਾਰਾਵਾਂ ਇੱਥੋਂ ਗੁਜਰਦੀਆਂ ਹਨ। ਸਿਸਵਾਂ ਜਲਗਾਹ ਮਿੱਟੀ ਦੀ ਬਣੀ ਜਲਗਾਹ ਹੈ। ਹਰੇ-ਭਰੇ ਹਰਿਆਲੀ ਅਤੇ ਸ਼ਾਂਤ ਮਾਹੌਲ ਨਾਲ ਘਿਰਿਆ ਇਹ ਵਿਸ਼ਾਲ ਭੰਡਾਰ ਮਨੁੱਖੀ ਵਾਤਾਵਰਨ ਦੀ ਸੰਭਾਲ ਦਾ ਪ੍ਰਮਾਣ ਹੈ। ਸਿਸਵਾਂ ਜਲਗਾਹ ਅਤੇ ਸਿਸਵਾਂ ਜੰਗਲ ਪੰਜਾਬ ਦੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਜ਼ਿਲੇ ਵਿਚ ਪੈਂਦੇ ਹਨ ਅਤੇ ਸ਼ਿਵਾਲਿਕ ਦੀਆਂ ਪਰਬਤੀ ਲੜੀਆਂ ਨਾਲ ਸੰਬੰਧਿਤ ਹਨ। ਇਸ ਜਲਗਾਹ ਦੀ ਉਚਾਈ 24 ਮੀਟਰ ਅਤੇ ਇਹ ਲਗਭਗ 2 ਵਰਗ ਕਿਲੋਮੀਟਰ ਦੇ ਖੇਤਰ ਵਿਚ ਫੈਲੀ ਹੋਈ ਹੈ। ਇਸ ਜਲਗਾਹ ਦੇ ਆਲੇ-ਦੁਆਲੇ ਲਗਭਗ 28 ਜੀਵ-ਜੰਤੂਆਂ ਦੀ ਪਛਾਣ ਕੀਤੀ ਗਈ ਹੈ ਅਤੇ ਇਥੇ ਜਿਰਾਫ, ਊਠ, ਹਾਥੀ ਆਦਿ ਪਾਏ ਗਏ ਹਨ ਜੋ ਲੱਖਾਂ ਸਾਲ ਪਹਿਲਾਂ ਇਸ ਖੇਤਰ ਵਿਚ ਮੌਜੂਦ ਸਨ। ਜੈਅੰਤੀ ਮਾਜਰੀ ਜਲਗਾਹ ਭਾਰਤ ਦੇ ਪੰਜਾਬ ਰਾਜ ਦੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਜ਼ਿਲ੍ਹੇ ਵਿਚ ਪੈਂਦੀ ਇਕ ਛੋਟੀ ਝੀਲ ਹੈ, ਜੋ ਜੈਅੰਤੀ ਮਾਜਰੀ ਪਿੰਡ ਦੀ ਜ਼ਮੀਨ ਵਿਚ ਬਣੀ ਹੋਈ ਹੈ। ਇਸ ਜਲਗਾਹ ਦਾ ਮੁੱਖ ਉਦੇਸ ਆਲੇ-ਦੁਆਲੇ ਦੇ ਪਿੰਡਾਂ ਦੀਆਂ ਜ਼ਮੀਨਾਂ ਨੂੰ ਸਿੰਜਾਈ ਲਈ ਪਾਣੀ ਦੇਣਾ ਹੈ। ਜੈਅੰਤੀ ਮਾਜਰੀ ਤੋਂ ਇਲਾਵਾ ਇਸ ਜਲਗਾਹ ਤੋਂ ਪਿੰਡ ਸ਼ੰਕੂ, ਫਿਰੋਜ਼ਪੁਰ ਬੰਗਰ ਅਤੇ ਮੁੱਲਾਂਪੁਰ ਗਰੀਬਦਾਸ ਆਦਿ ਪਿੰਡਾਂ ਨੂੰ ਸਿੰਜਾਈ ਲਈ ਪਾਣੀ ਮਿਲਦਾ ਹੈ। ਇਹ ਜਲਗਾਹ ਪਹਿਲਾਂ ਪ੍ਰਵਾਸੀ ਪੰਛੀਆਂ ਲਈ ਕਾਫੀ ਖਿੱਚ ਦਾ ਕੇਂਦਰ ਸੀ ਅਤੇ ਵੱਡੀ ਗਿਣਤੀ ਵਿਚ ਇਥੇ ਪੰਛੀ ਆਉਂਦੇ ਸਨ। ਸ਼ਿਵਾਲਿਕ ਦੀਆਂ ਪਹਾੜੀਆਂ ਨਾਲ ਸੁਸਜਿਤ ਪੰਜਾਬ ਦੇ ਉੱਤਰ ਪੂਰਬੀ ਖਿੱਤੇ ਵਿਚ ਸੈਂਕੜੇ ਕਿਸਮਾਂ ਦੇ ਪੰਛੀ, ਜਾਨਵਰ, ਫੁੱਲ, ਪੌਦੇ, ਰੀਂਗਣ ਵਾਲੇ ਜਾਨਵਰ, ਦੁਧਾਧਾਰੀ ਜੀਵ ਇਸ ਦੀ ਕੁਦਰਤੀ ਪ੍ਰਣਾਲੀ ਦੇ ਆਸਰੇ ਹੀ ਜੀਵਨ ਜਿਉਂ ਰਹੇ ਹਨ। ਇਸ ਖਿੱਤੇ ਵਿਚ ਮੌਜੂਦ ਦਰਿਆਵਾਂ, ਨਾਲਿਆਂ, ਚੋਆਂ, ਖੱਡਾਂ ਅਤੇ ਜਲਗਾਹਾਂ ਨੇੜੇ ਪਿੱਪਲ, ਬੋਹੜ, ਜਾਮਣ, ਜਮੋਏ, ਅਰਿੰਡ, ਕਿੱਕਰ, ਕਨੇਰ, ਇਮਲੀ, ਸਫੈਦਾ, ਨਿੰਮ, ਟਾਹਲੀ, ਢੱਕ, ਤੂਣ, ਸਰਕੰਢਾ, ਸਿੰਬਲ, ਡੇਕ, ਅੰਬ, ਜੰਡ, ਅਮਲਤਾਸ, ਕਚਨਾਰ ਅਤੇ ਸਦਾਬਹਾਰ ਵਰਗੇ ਬੂਟੇ ਵਾਤਾਵਰਨ ਨੂੰ ਸਾਫ਼ ਰੱਖਣ ਵਿਚ ਆਪੋ-ਆਪਣਾ ਅਹਿਮ ਰੋਲ ਅਦਾ ਕਰਦੇ ਰਹਿੰਦੇ ਹਨ। ਮੌਨਸੂਨ ਦੌਰਾਨ ਮੀਂਹ ਕਾਫੀ ਮਾਤਰਾ ਵਿਚ ਵਰ੍ਹਦਾ ਹੈ। ਬਰਸਾਤ ਦੇ ਮੌਸਮ ਵਿਚ ਬਨਸਪਤੀ ਅਤੇ ਘਾਹ ਫੂਸ ਬਹੁਤ ਤੇਜ਼ੀ ਨਾਲ ਉਗਕੇ ਪਹਾੜੀਆਂ ਦੀਆਂ ਚੋਟੀਆਂ ਨੂੰ ਹਰਾ ਭਰਾ ਕਰਨ ਵਿਚ ਮਦਦ ਕਰਦਾ ਹੈ। ਸ਼ਿਵਾਲਿਕ ਦੀਆਂ ਪਹਾੜੀਆਂ ਕੱਚੀਆਂ ਅਤੇ ਥੋੜ੍ਹੀ ਜਿਹੀ ਬਨਸਪਤੀ ਕੱਟਣ ਨਾਲ ਖੁਰਨ ਲੱਗਦੀਆਂ ਹਨ।

ਉਪਰੋਕਤ ਆਧਾਰ ’ਤੇ ਕਿਹਾ ਜਾ ਸਕਦਾ ਹੈ ਕਿ ਸ਼ਿਵਾਲਿਕ ਦੀਆਂ ਰਮਣੀਕ ਪਹਾੜੀਆਂ ਦੇ ਪੈਰਾਂ ਹੇਠ ਵਸਿਆ, ਜੰਗਲਾਂ, ਟੋਏ-ਟਿੱਬਿਆਂ, ਚੋਆਂ, ਰੇਤ, ਪਗਡੰਡੀਆਂ ਅਤੇ ਮਨਭਾਉਂਦੀ ਹਰਿਆਵਲ ਨਾਲ ਭਰਿਆ ਇਹ ਖਿੱਤਾ ਆਪਣੀ ਵੱਖਰੀ ਭੂਗੋਲਿਕ ਸਥਿਤੀ, ਆਬੋ-ਹਵਾ, ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਵਖਰੇਵਿਆਂ ਕਾਰਨ, ਪੰਜਾਬ ਦੇ ਬਾਕੀ ਖਿੱਤਿਆਂ ਨਾਲੋਂ ਵੱਧ ਖਿੱਚ ਦਾ ਕੇਂਦਰ ਰਿਹਾ ਹੈ।

ਪੰਜਾਬ ਦੇ ਉੱਤਰ ਪੂਰਬੀ ਖਿੱਤੇ ਦੇ ਜੰਗਲ, ਬੇਲੇ, ਪਾਣੀ ਦੇ ਸੋਮੇ ਅਤੇ ਜਲਗਾਹਾਂ ਇਸ ਖਿੱਤੇ ਦੀ ਵਾਤਾਵਰਨ ਪ੍ਰਣਾਲੀ ਦਾ ਬਹੁਤ ਹੀ ਮਹੱਤਵਪੂਰਨ ਅੰਗ ਹਨ। ਇਸ ਖਿੱਤੇ ਦੀ ਵੱਡਮੁੱਲੀ ਜੀਵ ਵਿਭਿੰਨਤਾ ਇਸੇ ਵਾਤਾਵਰਨ ਪ੍ਰਣਾਲੀ ਕਾਰਨ ਹੀ ਹੋਂਦਮਈ ਹੈ।

## ਹਵਾਲੇ ਅਤੇ ਟਿੱਪਣੀਆਂ

1. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 686.
2. ਡਾ. ਮਹਿੰਦਰ ਸਿੰਘ ਰੰਧਾਵਾ, ਪੰਜਾਬ, ਪੰਨਾ 1